ਸੇਵਾ ਵਿਖੇ,

ਜਿਲ੍ਹਾ ਸਿਖਿਆ ਅਫਸਰ,
ਪਠਾਨਕੋਟ।

ਨੰ: ਮਿਤੀ

ਵਿਸ਼ਾ:- **Akal Academy, Bharayal Lahri in Distt. Pathankot** ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ।

ਹਵਾਲਾ:- ਆਪ ਜੀ ਦੇ ਦਫਤਰੀ ਪੱਤਰ ਨੰ. 107363 ਮਿਤੀ. 13-04-2023

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਰਾਘਵ ਖਜੂਰੀਆ, ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਪਠਾਨਕੋਟ ਨੇ ਆਪਣੇ ਪੱਤਰ ਨੰ. 69 ਮਿਤੀ: 23.05.2023 ਰਾਂਹੀ ਇਸ ਦਫਤਰ ਨੂੰ ਰਿਪੋਰਟ ਕੀਤੀ ਹੈ, ਕਿ ਉਹਨਾਂ ਅਤੇ ਸ੍ਰੀ ਰਾਜ ਕੁਮਾਰ, ਸਹਾਇਕ ਇੰਜੀਨੀਅਰ ਵੱਲੋ ਵਿਸ਼ੇ ਅੰਕਿਤ ਸਕੂਲ ਦੀ ਇਮਾਰਤ ਦਾ ਨਿਰੀਖਣ ਮੋਕੇ ਤੇ ਕੀਤਾ ਹੈ ਅਤੇ ਇਹ ਸਾਲ 2023-24 (ਮਿਤੀ 01-04-2023 ਤੋ 31-03-2024) ਤੱਕ ਸੁਰੱਖਿਅਤ ਪਾਈ ਗਈ ਹੈ ਅਤੇ ਇਸ ਦਾ ਸੁਰੱਖਿਅਤ ਸਰਟੀਫਿਕੇਟ ਹੇਠ ਲਿਖੀਆਂ ਸਰਤਾਂ ਅਨੁਸਾਰ ਦਿੱਤਾ ਜਾਂਦਾ ਹੈ ਅਤੇ ਆਪ ਨੂੰ ਲਿਖਿਆਂ ਜਾਂਦਾ ਹੈ ਕਿ ਇਹਨਾਂ ਸਰਤਾਂ ਬਾਰੇ ਸਕੂਲ ਨੂੰ ਆਪਣੇ ਪੱਧਰ ਤੇ ਹਦਾਇਤਾਂ ਜਾਰੀ ਕੀਤੀਆਂ ਜਾਣ:-

1. ਬਿਲਡਿੰਗ ਵਿਚ ਕੋਈ ਵੀ ਤਬਦੀਲੀ/ਵਾਧਾ ਕਰਨ ਤੋਂ ਪਹਿਲਾਂ ਇਸ ਦਫਤਰ ਦੇ ਧਿਆਨ ਵਿਚ ਲਿਆਦਾ ਜਾਵੇ।
2. ਬਰਸਾਤ ਹੋਣ ਤੇ ਪਹਿਲਾਂ ਬਿਲਡਿੰਗ ਦੀਆਂ ਛੱਤਾਂ ਸਾਫ ਕਰਵਾਉਣਾ ਯਕੀਨੀ ਬਣਾਇਆ ਜਾਵੇ।
3. ਜੇਕਰ ਇਮਾਰਤ ਦੇ ਕਿਸੇ ਵੀ ਹਿੱਸੇ ਵਿੱਚ ਕਰੈਕ ਆਵੇ ਤਾਂ ਉਸ ਕਮਰੇ ਵਿਚ ਬੱਚਿਆਂ ਨੂੰ ਨਾ ਬਠਾਇਆ ਜਾਵੇ। ਜੇਕਰ ਬਠਾਇਆ ਗਿਆ ਅਤੇ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਸਾਰੀ ਜੁੰਮੇਵਾਰੀ ਸਕੂਲ ਦੇ ਪ੍ਰਿੰਸੀਪਲ ਦੀ ਹੋਵੇਗੀ।

ਨੱਥੀ/x

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ ਭਤੇਮ ਸਾਖਾ,
ਪਠਾਨਕੋਟ।

ਪਿੱਠ ਅੰਕਣ ਨੰ ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨਿਅਰ, ਪ੍ਰਾਂਤਕ ਉਪ ਮੰਡਲ, ਪਠਾਨਕੋਟ ਨੂੰ ਉਹਨਾਂ ਦੇ ਪੱਤਰ ਨੰ. 69 ਮਿਤੀ: 23-05-2023 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ ਭਤੇਮ ਸਾਖਾ,
ਪਠਾਨਕੋਟ।

ਪਿੱਠ ਅੰਕਣ ਨੰ 836 ਮਿਤੀ 29-05-23

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ, **Akal Academy, Bharayal Lahri in Distt. Pathankot** ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ ਭਤੇਮ ਸਾਖਾ,
ਪਠਾਨਕੋਟ।